# ਵੇਅਰਹਾਊਸਿੰਗ ਅਤੇ ਸਟੋਰੇਜ

ਕੈਲੀਫੋਰਨੀਆ ਵਿੱਚ ਵੇਅਰਹਾਊਸਿੰਗ, ਸਟੋਰੇਜ ਸਹੂਲਤਾਂ ਅਤੇ ਵਿਤਰਨ ਕੇਂਦਰਾਂ ਵਿੱਚ ਕੰਮ ਕਰਨ ਵਾਲੇ 162,000 ਕਰਮਚਾਰੀਆਂ ਵਾਲੇ ਲਗਭਗ 2,100 ਰੁਜ਼ਗਾਰਦਾਤੇ ਹਨ। ਇਹ ਉਹ ਮਾਲਕ ਹਨ ਜੋ ਮੁੱਖ ਤੌਰ 'ਤੇ ਆਮ ਵਪਾਰਕ ਮਾਲ, ਫਰਿੱਜ ਵਾਲੇ ਮਾਲ, ਅਤੇ ਹੋਰ ਵੇਅਰਹਾਊਸ ਉਤਪਾਦਾਂ ਲਈ ਵੇਅਰਹਾਊਸਿੰਗ ਅਤੇ ਸਟੋਰੇਜ ਸਹੂਲਤਾਂ ਦਾ ਸੰਚਾਲਨ ਕਰਦੇ ਹਨ। ਉਹ ਆਮ ਤੌਰ 'ਤੇ ਉਹ ਚੀਜ਼ਾਂ ਨਹੀਂ ਵੇਚਦੇ ਜੋ ਉਹ ਸੰਭਾਲਦੇ ਹਨ। ਇਹ ਸੁਵਿਧਾਵਾਂ ਲੌਜਿਸਟਿਕ ਸੇਵਾਵਾਂ ਵੀ ਪ੍ਰਦਾਨ ਕਰ ਸਕਦੀਆਂ ਹਨ ਜਿਸ ਵਿੱਚ ਵੰਡ, ਲੇਬਲਿੰਗ, ਵਸਤੂ ਨਿਯੰਤਰਣ ਅਤੇ ਪ੍ਰਬੰਧਨ, ਲਾਈਟ ਅਸੈਂਬਲੀ, ਆਰਡਰ ਐਂਟਰੀ ਅਤੇ ਪੂਰਤੀ, ਪੈਕੇਜਿੰਗ, ਅਤੇ ਟ੍ਰਾਂਸਪੋਰਟ ਪ੍ਰਬੰਧਨ ਸ਼ਾਮਲ ਹਨ।

## ਰੁਜ਼ਗਾਰਦਾਤਾਵਾਂ ਨੂੰ ਚਿੰਤਾ ਕਿਉਂ ਕਰਨੀ ਚਾਹੀਦੀ ਹੈ?

ਵੇਅਰਹਾਊਸਿੰਗ ਪ੍ਰਕਿਰਿਆਵਾਂ ਵਿੱਚ ਕਰਮਚਾਰੀ ਕਈ ਤਰ੍ਹਾਂ ਦੇ ਖਤਰਿਆਂ ਦਾ ਸਾਹਮਣਾ ਕਰ ਸਕਦੇ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਮੌਤਾਂ ਅਤੇ ਗੰਭੀਰ ਸੱਟਾਂ ਜਾਂ ਬਿਮਾਰੀਆਂ ਹੁੰਦੀਆਂ ਹਨ। ਕੁਝ ਵੇਅਰਹਾਊਸਿੰਗ ਪ੍ਰਕਿਰਿਆਵਾਂ ਵਿੱਚ ਸੱਟਾਂ ਦਾ ਇੱਕ ਪ੍ਰਮੁੱਖ ਕਾਰਨ ਇੱਕ ਪ੍ਰਕਿਰਿਆ ਕੋਟਾ ਪ੍ਰਣਾਲੀ ਦਾ ਗਲਤ ਲਾਗੂ ਕਰਨਾ ਹੈ। ਵੇਅਰਹਾਊਸ ਅਤੇ ਸਟੋਰੇਜ (NAICS ਕੋਡ #493) Cal/OSHA ਦੀ 2021-2022 ਵੱਧ ਖਤਰੇ ਵਾਲੇ ਉਦਯੋਗ ਦੀ ਲਿਸਟ 'ਤੇ ਸੀ, ਜਿਸ ਵਿੱਚ ਪ੍ਰਤੀ 100 ਫੁੱਲ-ਟਾਈਮ ਕਰਮਚਾਰੀਆਂ ਵਿੱਚ 4.8 ਰਿਕਾਰਡਯੋਗ ਸੱਟਾਂ ਅਤੇ ਬਿਮਾਰੀਆਂ ਦੀ ਔਸਤ DART (ਦਿਨ ਦੀ ਗੈਰਹਾਜ਼ਰੀ, ਪਾਬੰਦੀਸ਼ੁਦਾ ਜਾਂ ਟ੍ਰਾਂਸਫਰਡ) ਦਰ ਸ਼ਾਮਲ ਹੈ।

ਜਨਵਰੀ 2019 ਅਤੇ ਦਸੰਬਰ 2021 ਦੇ ਵਿਚਕਾਰ, Cal/OSHA ਨੇ ਲਗਭਗ 450 ਵੇਅਰਹਾਊਸ ਨਿਰੀਖਣ ਕੀਤੇ। ਜਿਨ੍ਹਾਂ ਵਿੱਚੋਂ:

- 32% ਦੁਰਘਟਨਾ ਦੀ ਜਾਂਚ ਹੋਈ ਸਿ ਜਿੱਥੇ ਇੱਕ ਕਰਮਚਾਰੀ ਦੀ ਮੌਤ ਜਾਂ ਗੰਭੀਰ ਸੱਟ ਜਾਂ ਬਿਮਾਰੀ ਹੋਈ ਸੀ।
- 35% ਕਰਮਚਾਰੀ ਦੇ ਕੰਮ ਵਾਲੀ ਥਾਂ ਦੀ ਸੁਰੱਖਿਆ ਜਾਂ ਸਿਹਤ ਸੰਬੰਧੀ ਸ਼ਿਕਾਇਤ ਦਾਇਰ ਕਰਨ ਦੇ ਜਵਾਬ ਵਿੱਚ ਸਨ।
- 32% ਇਸ ਲਈ ਕਰਵਾਏ ਗਏ ਕਿਉਂਕਿ ਵੇਅਰਹਾਊਸਿੰਗ Cal/OSHA ਦੀ ਉੱਚ ਖਤਰੇ ਵਾਲੀ ਉਦਯੋਗ ਸੂਚੀ ਵਿੱਚ ਹੈ।



ਵੇਅਰਹਾਊਸਾਂ ਵਿੱਚ ਕੋਵਿਡ-19 ਫੈਲਣ ਦੇ ਵੀ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ। ਸਭ ਤੋਂ ਆਮ ਖ਼ਤਰੇ ਅਤੇ ਨਤੀਜੇ ਵਜੋਂ ਸੱਟਾਂ ਅਤੇ ਬਿਮਾਰੀਆਂ:

- **ਸਮੱਗਰੀ ਦੀ ਸਾਂਭ-ਸੰਭਾਲ।** ਚੁੱਕਣ ਅਤੇ ਘੱਟ ਕਰਨ ਵਿੱਚ ਬਹੁਤ ਜ਼ਿਆਦਾ ਮਿਹਨਤ, ਅਤੇ ਦੁਹਰਾਉਣ ਵਾਲੀ ਗਤੀ। ਕਿਸੇ ਵਪਾਰਕ ਵੇਅਰਹਾਊਸਾਂ ਦੀ ਤੁਲਨਾ ਵਿੱਚ ਸਭ ਤੋਂ ਵੱਧ ਮਾਸਪੇਸ਼ੀ ਸੰਬੰਧੀ ਸੱਟ ਦੀ ਦਰ ਹੁੰਦੀ ਹੈ। ਪ੍ਰਕਿਰਿਆ ਨੂੰ ਤੇਜ਼ ਕਰਕੇ, ਰੋਬੋਟਿਕਸ ਕਰਮਚਾਰੀ ਨੂੰ ਦੁਹਰਾਉਣ ਵਾਲੀ ਗਤੀਵਿਧੀ ਸੰਬੰਧੀ ਸੱਟ ਦੇ ਜੋਖਮਾਂ ਨੂੰ ਵੀ ਵਧਾ ਸਕਦੇ ਹਨ।
- **ਬਹੁਤ ਜਿਆਦਾ ਤਾਪ।** ਬਹੁਤ ਸਾਰੇ ਕਰਮਚਾਰੀ ਅੰਦਰ ਕੰਮ ਕਰਦੇ ਸਮੇਂ 82ºF ਤੋਂ ਵੱਧ ਤਾਪਮਾਨ ਦੇ ਸੰਪਰਕ ਵਿੱਚ ਆਏ ਹਨ।
- **ਪਾਵਰ-ਯੁਕਤ ਉਦਯੋਗਿਕ ਟਰੱਕ (ਉਦਾਹਰਨ ਲਈ, ਫੋਰਕਲਿਫਟ), ਰੋਬੋਟਿਕਸ, ਅਤੇ ਸਮੱਗਰੀ ਸੰਭਾਲਣ ਵਾਲੇ ਹੋਰ ਉਪਕਰਨ।** ਕਿਸੇ ਉਕਰਨ ਵਿੱਚ ਫਸ ਜਾਣਾ ਜਾਂ ਕੁਚਲਿਆ ਜਾਣਾ।
- **ਖਤਰਨਾਕ ਰਸਾਇਣ।** ਬੈਟਰੀ ਦੁਆਰਾ ਸੰਚਾਲਿਤ ਉਪਕਰਨ ਵਿੱਚ ਮੌਜੂਦ ਕੰਟੇਨਰ ਲੀਕ/ਡੁੱਲ੍ਹੇ, ਅਤੇ ਖਰਾਬ ਤਰਲ ਪਦਾਰਥਾਂ ਨਾਲ ਕਰਮਚਾਰੀ ਦਾ ਸੰਪਰਕ।
- **ਤਿਲਕਣਾ/ਲੁੜ੍ਹਕਣਾ/ਡਿੱਗਣਾ।** ਅਸਮਾਨ ਅਤੇ ਤਿਲਕਣ ਵਾਲੀਆਂ ਸਤ੍ਹਾਵਾਂ ਤੋਂ ਇਲਾਵਾ, ਕਰਮਚਾਰੀਆਂ ਨੂੰ ਅਕਸਰ ਉੱਚੀਆਂ ਥਾਵਾਂ ਤੋਂ ਡਿੱਗਣ ਦਾ ਸਾਹਮਣਾ ਕਰਨਾ ਪੈਂਦਾ ਹੈ।
- **ਪੈਲੇਟ।** ਠੀਕ ਤਰ੍ਹਾਂ ਲਪੇਟਿਆ ਜਾਂ ਸਟੈਕ ਨਾ ਕੀਤਾ ਗਿਆ ਹੋਣਾ।

(ਅਗਲੇ ਪੰਨੇ 'ਤੇ ਜਾਰੀ)

- **ਬਲੋਕ ਕੀਤੀ ਗਈ ਗਲੀ ਅਤੇ ਨਿਕਾਸ।** ਨਾਕਾਫ਼ੀ ਹਾਊਸਕੀਪਿੰਗ।

## ਰੁਜ਼ਗਾਰਦਾਤਾਵਾਂ ਨੂੰ ਕੀ ਕਰਨ ਦੀ ਲੋੜ ਹੈ?

**ਸੱਟ ਅਤੇ ਬਿਮਾਰੀ ਰੋਕਥਾਮ ਪ੍ਰੋਗਰਾਮ** (ਸੈਕਸ਼ਨ 3203). ਇਹ ਸਭ ਤੋਂ ਮਹੱਤਵਪੂਰਨ ਲੋੜ ਹੈ ਜਿਸ 'ਤੇ ਸਾਰੇ ਰੁਜ਼ਗਾਰਦਾਤਾਵਾਂ ਨੂੰ ਆਪਣੇ ਕਾਰਜ-ਸਥਾਨ ਵਿਖੇ ਧਿਆਨ ਦੇਣਾ ਲਾਜ਼ਮੀ ਹੈ। ਸੈਕਸ਼ਨ 3203 ਵੇਰਵੇ ਦਿੰਦਾ ਹੈ ਕਿ ਇਸ ਪ੍ਰੋਗਰਾਮ ਵਿੱਚ ਕੀ ਸ਼ਾਮਲ ਹੋਣਾ ਲਾਜ਼ਮੀ ਹੈ, ਅਤੇ Cal/OSHA ਨੇ ਹੇਠ ਲਿਖੀ ਸੇਧ ਨੂੰ ਵਿਕਸਿਤ ਕੀਤਾ ਹੈ ਤਾਂ ਜੋ ਰੁਜ਼ਗਾਰਦਾਤਾਵਾਂ ਨੂੰ ਇਹ ਪੱਕਾ ਕਰਨ ਵਿੱਚ ਮਦਦ ਕੀਤੀ ਜਾ ਸਕੇ ਕਿ ਉਨ੍ਹਾਂ ਦਾ ਪ੍ਰੋਗਰਾਮ ਪ੍ਰਭਾਵਸ਼ਾਲੀ ਢੰਗ ਨਾਲ ਵਿਕਸਤ ਅਤੇ ਲਾਗੂ ਕੀਤਾ ਗਿਆ ਹੈ:

- **ਤੁਹਾਡੇ ਕਾਰਜ-ਸਥਾਨ ਦੀ ਸੱਟ ਅਤੇ ਬਿਮਾਰੀ ਰੋਕਥਾਮ ਪ੍ਰੋਗਰਾਮ ਨੂੰ ਵਿਕਸਤ ਕਰਨ ਲਈ ਗਾਈਡ**
- **ਵੱਧ ਖਤਰੇ ਵਾਲੇ ਮਾਲਕਾਂ ਲਈ ਸੱਟ ਅਤੇ ਬਿਮਾਰੀ ਰੋਕਥਾਮ ਪ੍ਰੋਗਰਾਮ**

**ਦੋਹਰੇ ਰੁਜ਼ਗਾਰਦਾਤਾ।** ਵੇਅਰਹਾਊਸਿੰਗ ਮਾਲਕ ਜੋ ਬਾਹਰੀ ਸਟਾਫ ਏਜੰਸੀਆਂ ਦੀ ਵਰਤੋਂ ਕਰਦੇ ਹਨ (ਉਦਾਹਰਨ ਲਈ, ਅਸਥਾਈ ਰੁਜ਼ਗਾਰ ਏਜੰਸੀਆਂ, ਸਟਾਫਿੰਗ ਫਰਮਾਂ, ਕਰਮਚਾਰੀ-ਲੀਜ਼ਿੰਗ ਕੰਪਨੀਆਂ) ਆਮ ਤੌਰ 'ਤੇ ਦੋਹਰੀ-ਨਿਯੋਕਤਾ ਸਥਿਤੀ ਪੈਦਾ ਕਰਦੇ ਹਨ। ਇਹ ਆਮ ਤੌਰ 'ਤੇ ਦੋਵਾਂ ਮਾਲਕਾਂ ਨੂੰ ਉਨ੍ਹਾਂ ਦੇ ਅਨੁਸਾਰੀ ਸੱਟ ਅਤੇ ਬੀਮਾਰੀ ਰੋਕਥਾਮ ਪ੍ਰੋਗਰਾਮਾਂ ਨੂੰ ਇਸ ਤਰੀਕੇ ਨਾਲ ਲਾਗੂ ਕਰਨ ਦੀ ਲੋੜ ਹੁੰਦੀ ਹੈ ਜੋ ਇਹ ਪੱਕਾ ਕਰਦਾ ਹੈ ਕਿ ਆਊਟਸੋਰਸਡ ਕਰਮਚਾਰੀ ਅਤੇ ਨਾਲ ਹੀ ਨਿਯਮਤ ਗੁਦਾਮ ਕਰਮਚਾਰੀਆਂ ਵੀ ਸੁਰੱਖਿਅਤ ਹਨ। Cal/OSHA ਨੀਤੀ ਅਤੇ ਪ੍ਰਕਿਰਿਆ ਦਾ ਹਵਾਲਾ ਲਓ ਵੇਰਵਿਆਂ ਲਈ **C-1D**.

**ਪੈਰ ਦੀ ਸੁਰੱਖਿਆ** (**ਸੈਕਸ਼ਨ 3385**)। ਉਨ੍ਹਾਂ ਕਰਮਚਾਰੀਆਂ ਲਈ ਪੈਰਾਂ ਦੀ ਸੁਰੱਖਿਆ ਦੀ ਲੋੜ ਹੁੰਦੀ ਹੈ ਜੋ ਡਿੱਗਣ ਵਾਲੀਆਂ ਵਸਤੂਆਂ, ਕੁਚਲਣ ਜਾਂ ਅੰਤਰਪ੍ਰਵੇਸ਼ੀ ਕਾਰਵਾਈਆਂ ਵਰਗੇ ਖਤਰਿਆਂ ਕਰਕੇ ਪੈਰ ਦੀਆਂ ਸੱਟਾਂ ਦੇ ਸੰਪਰਕ ਵਿੱਚ ਹੁੰਦੇ ਹਨ। ਕਰਮਚਾਰੀ ਦੀ ਵਰਤੋਂ ਲਈ ਪੈਰਾਂ ਦੀ ਸੁਰੱਖਿਆ ਵਾਸਤੇ ਅਮੈਰੀਕਨ ਸੋਸਾਇਟੀ ਫੌਰ ਟੈਸਟਿੰਗ ਐਂਡ ਮਟੀਰੀਅਲ (ASTM) F 2412-05 ਅਤੇ ASTM F 2413-05 ਲੋੜਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

**ਫੋਰਕਲਿਫਟ ਅਤੇ ਹੋਰ ਪਾਵਰ-ਯੁਕਤ ਉਦਯੋਗਿਕ ਟਰੱਕ** (ਸੈਕਸ਼ਨ **3650**, **3662**, **3664**, **3668**, **5146**, **5155**, **ਅਤੇ 5164**)। ਗੰਭੀਰ ਸੱਟ, ਬਿਮਾਰੀ, ਜਾਂ ਮੌਤ ਹੋ ਸਕਦੀ ਹੈ ਜੇ:

- ਕਰਮਚਾਰੀਆਂ ਨੂੰ ਉਨ੍ਹਾਂ ਖਾਸ ਕਿਸਮਾਂ ਦੇ ਉਪਕਰਣਾਂ ਬਾਰੇ ਸਹੀ ਢੰਗ ਨਾਲ ਸਿਖਲਾਈ ਨਹੀਂ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ ਚਲਾਉਣ ਦੀ ਉਮੀਦ ਉਨ੍ਹਾਂ ਤੋਂ ਕੀਤੀ ਜਾਂਦੀ ਹੈ।
- ਉਚਿਤ ਉਪਕਰਨ ਦੇ ਸੰਚਾਲਨ ਬਾਰੇ ਨੀਤੀਆਂ ਲਾਗੂ ਨਹੀਂ ਕੀਤੀਆਂ ਜਾਂਦੀਆਂ ਹਨ।
- ਉਪਕਰਨ ਦੀ ਸਹੀ ਢੰਗ ਨਾਲ ਸਾਂਭ-ਸੰਭਾਲ ਨਹੀਂ ਕੀਤੀ ਜਾਂਦੀ।
- ਅੰਦਰੂਨੀ ਕੰਬਸ਼ਨ ਇੰਜਨਾਂ ਰਾਹੀਂ ਸੰਚਾਲਿਤ ਉਦਯੋਗਿਕ ਟਰੱਕਾਂ ਤੋਂ ਕਾਰਬਨ ਮੋਨੋਆਕਸਾਈਡ ਅਤੇ ਐਗਜ਼ੌਸਟ ਕਣਾਂ ਵਰਗੇ ਨਿਕਾਸ ਨੂੰ ਨਿਯੰਤਰਿਤ ਕਰਨ ਲਈ ਉਚਿਤ ਹਵਾਦਾਰੀ ਨਿਯੰਤਰਣ ਲਾਗੂ ਨਹੀਂ ਕੀਤਾ ਜਾਂਦਾ।

**ਸਟੋਰੇਜ ਬੈਟਰੀਆਂ** (**ਸੈਕਸ਼ਨ 5185**)। ਜੇ ਬੈਟਰੀ ਨਾਲ ਚੱਲਣ ਵਾਲੇ ਟਰੱਕਾਂ ਨੂੰ ਸਹੀ ਢੰਗ ਨਾਲ ਵਿਵਸਥਿਤ ਨਹੀਂ ਕੀਤਾ ਜਾਂਦਾ, ਚਾਰਜ ਨਹੀਂ ਕੀਤਾ ਜਾਂਦਾ ਅਤੇ ਉਨ੍ਹਾਂ ਦੀ ਦੇਖਭਾਲ ਨਹੀਂ ਕੀਤੀ ਜਾਂਦੀ ਹੈ ਤਾਂ ਵੀ ਉਹ ਗੰਭੀਰ ਅੱਗ ਅਤੇ ਰਸਾਇਣਕ ਸਾੜ ਦੇ ਖਤਰੇ ਪੈਦਾ ਕਰਦੇ ਹਨ।



**ਕੰਮ ਨਾਲ ਸੰਬੰਧਿਤ ਮੌਤਾਂ ਅਤੇ ਗੰਭੀਰ ਸੱਟਾਂ ਦੀ ਰਿਪੋਰਟ ਕਰਨਾ** (**ਸੈਕਸ਼ਨ 342**)। ਰੁਜ਼ਗਾਰਦਾਤਾਵਾਂ ਵੱਲੋਂ ਫੌਰਨ ਕਿਸੇ ਗੰਭੀਰ ਸੱਟ ਜਾਂ ਬਿਮਾਰੀ (**ਸੈਕਸ਼ਨ 330(h)** ਵਿੱਚ ਪਰਿਭਾਸ਼ਿਤ), ਜਾਂ ਰੁਜ਼ਗਾਰ ਦੇ ਸਥਾਨ 'ਤੇ ਜਾਂ ਕਿਸੇ ਰੁਜ਼ਗਾਰ ਦੇ ਸੰਬੰਧ ਵਿੱਚ ਕਿਸੇ ਕਰਮਚਾਰੀ ਦੀ ਮੌਤ ਦੀ ਰਿਪੋਰਟ ਕਰਨੀ ਲਾਜ਼ਮੀ ਹੈ।

**ਪੋਰਟੇਬਲ ਅੱਗ ਬੁਝਾਊ ਯੰਤਰ** (**ਸੈਕਸ਼ਨ 6151**)। ਪੋਰਟੇਬਲ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਸਹੀ ਪਲੇਸਮੈਂਟ, ਵਰਤੋਂ, ਕਰਮਚਾਰੀ ਸਿਖਲਾਈ, ਰੱਖ-ਰਖਾਅ ਅਤੇ ਜਾਂਚ ਕਰਨਾ ਜ਼ਰੂਰੀ ਹੈ ਜਦੋਂ ਉਹ ਕਰਮਚਾਰੀ ਵਰਤੋਂ ਲਈ ਮੁਹੱਈਆ ਕੀਤੇ ਜਾਂਦੇ ਹਨ।

**ਹਵਾ ਵਾਲੇ ਟੈਂਕ ਨੂੰ ਓਪਰੇਟ ਕਰਨ ਦਾ ਪਰਮਿਟ** (**ਸੈਕਸ਼ਨ 461**)। ਹਵਾ ਵਾਲੇ ਟੈਂਕ, ਜਿਵੇਂ ਕਿ ਕੰਪ੍ਰੈਸਰ ਨਾਲ ਵਰਤੇ ਜਾਣ ਵਾਲੇ, ਨੂੰ ਮੌਜੂਦਾ ਪਰਮਿਟ ਜਾਰੀ ਹੋਣ ਤੱਕ ਨਹੀਂ ਚਲਾਇਆ ਜਾਣਾ ਚਾਹੀਦਾ ਹੈ ਪਰਮਿਟ ਨੂੰ ਹਵਾ ਵਾਲੇ ਟੈਂਕ 'ਤੇ ਜਾਂ ਉਸਦੇ ਨੇੜੇ ਮੌਸਮ-ਰੋਧੀ ਕੰਟੇਨਰ ਵਿੱਚ ਇੱਕ ਸਪੱਸ਼ਟ ਜਗ੍ਹਾ 'ਤੇ ਤਾਇਨਾਤ ਕੀਤਾ ਜਾਣਾ ਲਾਜ਼ਮੀ ਹੈ। ਵਧੀਕ ਜਾਣਕਾਰੀ ਲਈ Cal/OSHA ਦੀ **ਪ੍ਰੈਸ਼ਰ ਵੈਸਲ ਇਕਾਈ** ਨਾਲ ਜਾਂਚ ਕਰੋ।

**ਐਮਰਜੈਂਸੀ ਆਈਵਾਸ਼ ਅਤੇ ਸ਼ਾਵਰ ਉਪਕਰਨ**
(**ਸੈਕਸ਼ਨ 5162**)। ਕੁਝ ਬੈਟਰੀਆਂ ਵਿੱਚ ਖਾਰੀ ਸਮੱਗਰੀ

(ਅਗਲੇ ਪੰਨੇ 'ਤੇ ਜਾਰੀ)

ਹੁੰਦੀ ਹੈ। ਕਰਮਚਾਰੀ ਰੱਖ-ਰਖਾਅ ਅਤੇ ਚਾਰਜਿੰਗ ਪ੍ਰਕਿਰਿਆਵਾਂ ਦੌਰਾਨ ਅੱਖਾਂ ਅਤੇ/ਜਾਂ ਚਮੜੀ ਦੇ ਸੰਪਰਕ ਦਾ ਅਨੁਭਵ ਕਰ ਸਕਦੇ ਹਨ, ਅਤੇ ਅੰਨ੍ਹੇਪਣ ਜਾਂ ਗੰਭੀਰ ਜਲਣ ਦਾ ਸ਼ਿਕਾਰ ਹੋ ਸਕਦੇ ਹਨ। ਉਚਿਤ ਨਿੱਜੀ ਸੁਰੱਖਿਆ ਉਪਕਰਨ (ਦਸਤਾਨੇ, ਸਪਲੈਸ਼ ਗੌਗਲਜ਼, ਆਦਿ) ਪਹਿਨਣ ਤੋਂ ਇਲਾਵਾ, ਇੱਕ ਐਮਰਜੈਂਸੀ ਆਈਵਾਸ਼ ਅਤੇ ਸ਼ਾਵਰ ਜੋ ANSI Z358.1-1981 ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ, ਨੂੰ ਨੇੜੇ ਰੱਖਣ ਦੀ ਲੋੜ ਹੁੰਦੀ ਹੈ ਜਿੱਥੇ ਐਕਸਪੋਜ਼ਰ ਹੋ ਸਕਦਾ ਹੈ।

**ਰੁਜ਼ਗਾਰ ਦੇ ਬਾਹਰੀ ਸਥਾਨਾਂ ਵਿੱਚ ਤਾਪ ਸੰਬੰਧੀ ਬਿਮਾਰੀ ਦੀ ਰੋਕਥਾਮ** (**ਸੈਕਸ਼ਨ 3395**)। ਰੁਜ਼ਗਾਰਦਾਤਾਵਾਂ ਵੱਲੋਂ ਬਾਹਰ ਕੰਮ ਕਰਨ ਵਾਲੇ ਸਾਰੇ ਕਰਮਚਾਰੀਆਂ ਲਈ ਇੱਕ ਤਾਪ ਦੀ ਬਿਮਾਰੀ ਸੰਬੰਧੀ ਰੋਕਥਾਮ ਦੇ ਪ੍ਰਭਾਵੀ ਪਲਾਨ ਨੂੰ ਲਾਗੂ ਕੀਤਾ ਜਾਣਾ ਲਾਜ਼ਮੀ ਹੈ ਜਿੱਥੇ ਗਰਮੀ ਦੀ ਬਿਮਾਰੀ ਦੇ ਜੋਖਮ ਦੇ ਸੰਪਰਕ ਵਿੱਚ ਆਉਣ ਦੀ ਵਾਜਬ ਉਮੀਦ ਕੀਤੀ ਜਾ ਸਕਦੀ ਹੈ। ਇਸ ਪਲਾਨ ਵਿੱਚ ਪਾਣੀ ਦੀ ਵਿਵਸਥਾ ਅਤੇ ਛਾਂ ਤੱਕ ਪਹੁੰਚ ਲਈ ਪ੍ਰਕਿਰਿਆਵਾਂ ਹੋਣੀਆਂ ਲਾਜ਼ਮੀ ਹਨ; ਐਮਰਜੈਂਸੀ ਪ੍ਰਤੀਕਿਰਿਆ ਪ੍ਰਕਿਰਿਆਵਾਂ; ਅਤੇ ਅਨੁਕੂਲਤਾ ਦੇ ਢੰਗ ਅਤੇ ਪ੍ਰਕਿਰਿਆਵਾਂ। ਕਰਮਚਾਰੀਆਂ ਅਤੇ ਉਨ੍ਹਾਂ ਦੇ ਸੁਪਰਵਾਈਜ਼ਰਾਂ ਨੂੰ ਇਨ੍ਹਾਂ ਪ੍ਰਕਿਰਿਆਵਾਂ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਸਿਖਲਾਈ ਦਿੱਤੀ ਜਾਣੀ ਲਾਜ਼ਮੀ ਹੈ; ਗਰਮੀ ਦੇ ਤਣਾਅ ਦੇ ਚੇਤਾਵਨੀ ਚਿੰਨ੍ਹ; ਵਾਤਾਵਰਣ ਅਤੇ ਨਿੱਜੀ ਜੋਖਮ ਦੇ ਕਾਰਕ; ਅਤੇ ਪਾਣੀ ਦੀ ਢੁਕਵੀਂ ਖਪਤ ਅਤੇ ਅਨੁਕੂਲਤਾ ਦੀ ਮਹੱਤਤਾ।



**ਅੰਦਰੂਨੀ ਤਾਪ।** ਘਰ ਦੇ ਅੰਦਰ ਬਹੁਤ ਜ਼ਿਆਦਾ ਗਰਮੀ ਦਾ ਪ੍ਰਭਾਵਸ਼ਾਲੀ ਵੇਅਰਹਾਊਸ ਵਰਕਰ ਐਕਸਪੋਜਰ ਹੋ ਸਕਦਾ ਹੈ, ਇਸਲਈ ਮਾਲਕਾਂ ਨੂੰ ਲੋੜੀਂਦੇ ਉਪਾਵਾਂ ਨੂੰ ਵੀ ਸੰਬੋਧਿਤ ਕਰਨਾ ਚਾਹੀਦਾ ਹੈ ਜਿਸ ਵਿੱਚ ਇੰਜਨੀਅਰਿੰਗ ਨਿਯੰਤਰਣ ਸ਼ਾਮਲ ਹੁੰਦੇ ਹਨ (ਉਦਾਹਰਨ ਲਈ, ਏਅਰ ਕੰਡੀਸ਼ਨਿੰਗ, ਹਵਾਦਾਰੀ); ਪਾਣੀ ਦੀ ਵਿਵਸਥਾ ਲਈ ਪ੍ਰਕਿਰਿਆਵਾਂ; ਕੂਲ-ਡਾਊਨ ਬਰੇਕ; ਕਰਮਚਾਰੀਆਂ ਦੇ ਆਰਾਮ ਕਰਨ ਲਈ ਏਅਰ-ਕੰਡੀਸ਼ਨਡ ਕਮਰੇ ਜਾਂ ਖੇਤਰ; ਐਮਰਜੈਂਸੀ ਪ੍ਰਤੀਕਿਰਿਆ ਪ੍ਰਕਿਰਿਆਵਾਂ; ਅਨੁਕੂਲਤਾ ਦੇ ਢੰਗ ਅਤੇ ਪ੍ਰਕਿਰਿਆਵਾਂ; ਅਤੇ ਸਿਖਲਾਈ। ਨਿੱਘੇ ਅਤੇ ਗਰਮ ਦਿਨਾਂ ਵਿੱਚ ਟ੍ਰੇਲਰਾਂ ਵਿੱਚ ਕੰਮ ਕਰਨ ਲਈ ਵਾਧੂ ਕੂਲਿੰਗ ਉਪਾਵਾਂ ਦੀ ਲੋੜ ਹੁੰਦੀ ਹੈ ਕਿਉਂਕਿ ਅੰਦਰ ਦਾ ਤਾਪਮਾਨ ਬਾਹਰੋਂ ਬਹੁਤ ਜ਼ਿਆਦਾ ਹੋ ਸਕਦਾ ਹੈ।

**ਦੁਹਰਾਉਣ ਵਾਲੀ ਗਤੀਵਿਧੀ ਸੰਬੰਧੀ ਸੱਟਾਂ (ਸੈਕਸ਼ਨ 5110)** | ਇੱਕ ਨੌਕਰੀ, ਪ੍ਰਕਿਰਿਆ, ਜਾਂ ਸਮਾਨ ਕੰਮ ਦੀ ਗਤੀਵਿਧੀ ਦਾ ਸੰਚਾਲਨ ਕਰਨ ਵਾਲੇ ਕਰਮਚਾਰੀਆਂ ਨੂੰ ਦੁਹਰਾਉਣ ਵਾਲੀ ਗਤੀਵਿਧੀ ਸੰਬੰਧੀ ਸੱਟਾਂ (RMIs) ਲੱਗਣ ਦਾ ਵਧੇਰੇ ਜੋਖਮ ਹੁੰਦਾ ਹੈ। ਸੈਕਸ਼ਨ 5110 ਅਨੁਸਾਰ ਕਵਰ ਕੀਤੇ ਗਏ ਮਾਲਕਾਂ ਨੂੰ ਲਾਜ਼ਮੀ ਤੌਰ 'ਤੇ RMIs ਨੂੰ ਘੱਟ ਤੋਂ ਘੱਟ ਕਰਨ ਲਈ ਤਿਆਰ ਕੀਤਾ ਗਿਆ ਇੱਕ ਪ੍ਰੋਗਰਾਮ ਵਿਕਸਤ ਅਤੇ ਲਾਗੂ ਕਰਨਾ ਚਾਹੀਦਾ ਹੈ ਜਿਸ ਵਿੱਚ ਇੱਕ ਵਰਕਸਾਈਟ ਮੁਲਾਂਕਣ ਅਤੇ ਨਿਯੰਤਰਣ ਉਪਾਵਾਂ ਜਿਵੇਂ ਕਿ ਇੰਜੀਨੀਅਰਿੰਗ ਨਿਯੰਤਰਣ (ਉਦਾਹਰਨ ਲਈ, ਵਰਕਸਟੇਸ਼ਨ ਰੀਡਿਜ਼ਾਈਨ, ਅਨੁਕੂਲ ਹੋਣ ਯੋਗ ਫਿਕਸਚਰ, ਅਤੇ ਟੂਲ) ਅਤੇ ਪ੍ਰਸ਼ਾਸਕੀ ਨਿਯੰਤਰਣ (ਉਦਾਹਰਨ ਲਈ, ਜੌਬ ਰੋਟੇਸ਼ਨ ਅਤੇ ਕੰਮ ਦੀ ਰਫ਼ਤਾਰ)। ਵਾਰ-ਵਾਰ ਕੀਤੀ ਜਾਣ ਵਾਲੀ ਗਤੀਵਿਧੀ ਤੋਂ ਇਲਾਵਾ, ਗੁਦਾਮ ਦੇ ਕਰਮਚਾਰੀਆਂ ਨੂੰ ਹੋਰ ਵਿਓਂਤਬੰਦੀ ਨਾਲ ਸਬੰਧਿਤ ਖਤਰਿਆਂ ਜਿਵੇਂ ਕਿ ਭਾਰੀ ਜਾਂ ਅਜੀਬ ਲਿਫਟਿੰਗ, ਅਜੀਬ ਮੁਦਰਾ, ਅਤੇ ਉੱਚੇ ਹੱਥ ਬਲਾਂ (ਉਦਾਹਰਨ ਲਈ, ਚੂੰਡੀ ਫੜਨਾ) ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਲਾਂਕਿ ਇਹ ਜ਼ਰੂਰ ਹੀ ਬਹੁਤ ਜ਼ਿਆਦਾ ਦੁਹਰਾਉਣ ਵਾਲਾ ਨਹੀਂ ਹੈ, ਪਰ ਇਹ ਖਤਰਿਆਂ ਦੇ ਨਤੀਜੇ ਵਜੋਂ ਮਾਸਪੇਸ਼ੀ ਪਿੰਜਰ ਦੀਆਂ ਗੰਭੀਰ ਸੱਟਾਂ ਹੋ ਸਕਦੀਆਂ ਹਨ ਅਤੇ ਇਨ੍ਹਾਂ ਨੂੰ ਨਿਯੰਤਰਿਤ ਕੀਤਾ ਜਾਣਾ ਚਾਹੀਦਾ ਹੈ।

**ਕੋਵਿਡ-19** (**ਸੈਕਸ਼ਨ 3205**)। ਜਿੱਥੇ ਲੋੜ ਹੋਵੇ ਉੱਥੇ ਨਿਰਧਾਰਿਤ ਨਿਯੰਤਰਣ ਉਪਾਅ ਲਾਗੂ ਕੀਤੇ ਜਾਣੇ ਲਾਜ਼ਮੀ ਹਨ। ਮੌਜੂਦਾ ਮਹਾਂਮਾਰੀ ਦੇ ਪ੍ਰਭਾਵ ਅਤੇ ਭਵਿੱਖੀ ਮਹਾਂਮਾਰੀ ਦੇ ਸੰਭਾਵੀ ਖਤਰਿਆਂ ਦੇ ਮੱਦੇਨਜ਼ਰ, ਮਾਲਕਾਂ ਨੂੰ ਹਮੇਸ਼ਾ ਉਹ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਕੰਮ ਵਾਲੀ ਥਾਂ ਦੇ ਅੰਦਰ ਛੂਤ ਦੀਆਂ ਬਿਮਾਰੀਆਂ ਦੇ ਫੈਲਣ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਹੈ।

**ਗੁਦਾਮ ਦੇ ਕੋਟੇ** (**AB 701 FAQ**)। ਰੁਜ਼ਗਾਰਦਾਤਾ ਅਜੇ ਵੀ ਕੋਟੇ ਦੀ ਵਰਤੋਂ ਕਰ ਸਕਦੇ ਹਨ, ਪਰ AB 701 ਉਹਨਾਂ 'ਤੇ ਸੀਮਾਵਾਂ ਰੱਖਦਾ ਹੈ। AB 701 1 ਜਨਵਰੀ 2022 ਤੋਂ ਲਾਗੂ ਹੋਇਆ ਅਤੇ "ਗੁਦਾਮ ਵਿਤਰਨ ਕੇਂਦਰਾਂ" ਵੱਲੋਂ ਕੋਟੇ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਦੇ ਹੋਏ ਕੈਲੀਫੋਰਨੀਆ ਲੇਬਰ ਕੋਡ ਦੇ 13 ਨਵੇਂ ਸੈਕਸ਼ਨ ਬਣਾਉਂਦਾ ਹੈ। ਇਹਨਾਂ ਵਿੱਚ ਜਨਰਲ ਵੇਅਰਹਾਊਸਿੰਗ ਅਤੇ ਸਟੋਰੇਜ (NAICS 49310), ਟਿਕਾਊ ਵਸਤਾਂ ਦੇ ਵਪਾਰੀ ਥੋਕ ਵਿਕਰੇਤਾ (NAICS 423), ਗੈਰ-ਟਿਕਾਊ ਵਸਤਾਂ ਦੇ ਵਪਾਰੀ ਥੋਕ ਵਿਕਰੇਤਾ (NAICS 424), ਅਤੇ ਇਲੈਕਟ੍ਰਾਨਿਕ ਸ਼ਾਪਿੰਗ ਅਤੇ ਮੇਲ-ਆਰਡਰ ਹਾਊਸ (NAICS 454110) ਸ਼ਾਮਲ ਹਨ। ਕਨੂੰਨ ਉਨ੍ਹਾਂ ਮਾਲਕਾਂ ਨੂੰ ਕਵਰ ਕਰਦਾ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ 'ਤੇ ਇੱਕ ਸਿੰਗਲ ਵੇਅਰਹਾਊਸ ਡਿਸਟ੍ਰੀਬਿਊਸ਼ਨ ਸੈਂਟਰ ਵਿੱਚ 100 ਜਾਂ ਇਸ ਤੋਂ ਵੱਧ ਕਰਮਚਾਰੀਆਂ ਜਾਂ ਕੈਲੀਫੋਰਨੀਆ ਵਿੱਚ ਇੱਕ ਜਾਂ ਇੱਕ ਤੋਂ ਵੱਧ ਵੇਅਰਹਾਊਸ ਡਿਸਟ੍ਰੀਬਿਊਸ਼ਨ ਸੈਂਟਰਾਂ ਵਿੱਚ 1,000 ਜਾਂ ਵੱਧ ਕਰਮਚਾਰੀਆਂ ਨੂੰ ਨਿਯੰਤਰਿਤ ਕਰਦੇ ਹਨ। ਬਾਹਰੀ ਸਟਾਫਿੰਗ ਏਜੰਸੀਆਂ ਵੱਲੋਂ ਮੁਹੱਈਆ ਕੀਤੇ ਗਏ ਕਰਮਚਾਰੀਆਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ ਜਿੱਥੇ ਰੁਜ਼ਗਾਰਦਾਤਾ ਉਹਨਾਂ ਕਾਮਿਆਂ ਲਈ ਰੁਜ਼ਗਾਰ ਨਿਯਮਾਂ ਅਤੇ ਸ਼ਰਤਾਂ ਨੂੰ ਨਿਯੰਤਰਿਤ ਕਰਦਾ ਹੈ।

(ਅਗਲੇ ਪੰਨੇ 'ਤੇ ਜਾਰੀ)

ਕੋਟੇ ਦੇ ਨਤੀਜੇ ਵਜੋਂ ਵਧੇ ਹੋਏ ਕੰਮ ਦੀਆਂ ਦਰਾਂ ਦੇ ਨਤੀਜੇ ਵਜੋਂ ਹਰ ਕਿਸਮ ਦੀ ਸੱਟ ਅਤੇ ਬਿਮਾਰੀ ਦੀਆਂ ਦਰਾਂ ਵਿੱਚ ਕਾਫ਼ੀ ਵਾਧਾ ਹੋ ਸਕਦਾ ਹੈ।

ਉਪਰੋਕਤ ਜ਼ਿਆਦਾਤਰ ਖਤਰੇ ਵੇਅਰਹਾਊਸਿੰਗ ਮਾਲਕਾਂ ਨੂੰ ਜਾਰੀ ਕੀਤੇ ਗਏ ਸਿਖਰਲੇ ਦਸ ਸਭ ਤੋਂ ਵੱਧ ਹਵਾਲਾ ਦਿੱਤੇ ਗਏ Cal/OSHA ਉਲੰਘਣਾਵਾਂ (2019 ਤੋਂ 2021) ਨੂੰ ਵੀ ਦਰਸਾਉਂਦੇ ਹਨ। ਲੋੜੀਂਦੇ ਵੇਰਵਿਆਂ ਲਈ ਉੱਪਰ ਦਿੱਤੇ ਅਨੁਸਾਰੀ T8 CCR ਨਿਯਮਾਂ ਨੂੰ ਪੜ੍ਹਨਾ ਯਕੀਨੀ ਬਣਾਓ। ਇਹਨਾਂ ਵਿੱਚੋਂ ਅੱਧੇ ਖਤਰਿਆਂ ਦੇ ਨਤੀਜੇ ਵਜੋਂ ਕੁਝ ਸਭ ਤੋਂ ਵੱਡੇ ਜੁਰਮਾਨੇ ਵੀ ਹੋਏਜੋ Cal/OSHA ਨੇਵੇਅਰਹਾਊਸਿੰਗ ਅਤੇ ਸਟੋਰੇਜ ਮਾਲਕਾਂ ਨੂੰ ਜਾਰੀ ਕੀਤੇ ਸਨ।

ਇਹ ਤੱਥ ਸ਼ੀਟ ਸਿਰਫ਼ ਇੱਕ ਸੰਖੇਪ ਜਾਣਕਾਰੀ ਮੁਹੱਈਆ ਕਰਦੀ ਹੈ — ਇਸ ਵਿੱਚ ਉਹ ਸਾਰੀਆਂ Cal/OSHA ਲੋੜਾਂ ਸ਼ਾਮਲ ਨਹੀਂ ਹਨ ਜੋ ਵੇਅਰਹਾਊਸਿੰਗ ਅਤੇ ਸਟੋਰੇਜ ਸਹੂਲਤਾਂ ਨਾਲ ਸੰਬੰਧਤ ਹੋ ਸਕਦੀਆਂ ਹਨ। ਮੁਹੱਈਆ ਕੀਤੀ ਗਈ ਜਾਣਕਾਰੀ ਦਾ ਮਤਲਬ ਕਿੱਤਾਮੁਖੀ ਸੁਰੱਖਿਆ ਅਤੇ ਸਿਹਤ ਨਿਯਮਾਂ ਦੇ ਬਦਲ ਜਾਂ ਕਨੂੰਨੀ ਵਿਆਖਿਆ ਵਜੋਂ ਨਹੀਂ ਹੈ।ਰੁਜ਼ਗਾਰਦਾਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਕੰਮਕਾਜਾਂ 'ਤੇ ਲਾਗੂ ਹੋਣ ਵਾਲੀ ਵਿਸਤ੍ਰਿਤ ਜਾਣਕਾਰੀ ਲਈ ਸਿੱਧੇ ਟਾਈਟਲ 8 ਕੈਲੀਫੋਰਨੀਆ ਕੋਡ ਔਫ਼ ਰੈਗੂਲੇਸ਼ਨਜ਼ (**T8CCR**) ਦਾ ਹਵਾਲਾ ਦੇਣ।

# ਸਰੋਤ

**Cal/OSHA**
ਵਧੀਕ ਸਹਾਇਤਾ ਲਈ, 1-800-963-9424, **InfoCons@dir.ca.gov**, ਜਾਂ **www.dir.ca.gov/ dosh/consultation.html** 'ਤੇ ਸੰਪਰਕ ਕਰੋ, ਅਤੇ ਹੋਰ ਪ੍ਰਕਾਸ਼ਨਾਂ ਨੂੰ **www. dir.ca.gov/dosh/PubOrder.asp** 'ਤੇ ਸੰਪਰਕ ਕਰੋ।

**Fed/OSHA**

- ਸੁਰੱਖਿਆ ਅਤੇ ਸਿਹਤ ਵਿਸ਼ਾ: **ਵੇਅਰਹਾਊਸਿੰਗ**
- ਪੋਕੇਟ ਗਾਈਡ: **ਵੇਅਰਹਾਊਸਿੰਗ**
- ਇਲੈਕਟ੍ਰੋਨਿਕ ਟੂਲਸ **ਕਰਿਆਨੇ ਦੇ ਸਮਾਨ ਦੀ ਵੇਅਰਹਾਊਸਿੰਗ**:
    - **ਆਵਾਜਾਈ ਤਕਨੀਕਾਂ**
    - **ਕੰਮ ਦਾ ਅਭਿਆਸ**
    - **ਸਟੋਰੇਜ**
    - **ਪੈਕ ਕਰਨਾ**

ਫ਼ਰਵਰੀ 2023


©2024 ਕੈਲੀਫੋਰਨੀਆ ਉਦਯੋਗਿਕ ਸੰਬੰਧਾਂ ਦਾ ਵਿਭਾਗ